# ਭਗਤ ਰਵਿਦਾਸ - ਸਬਦ 1

## ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥

ਰਾਗੁ ਆਸਾ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੪੮੬

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥
ਮਾਧੋ ਅਬਿਦਿਆ ਹਿਤ ਕੀਨ ॥
ਬਿਬੇਕ ਦੀਪ ਮਲੀਨ ॥੧॥ ਰਹਾਉ ॥
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥੨॥
ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥

ਸਾਰ: ਅਗਿਆਨਤਾ ਛਲ ਰੂਪੀ ਸੁਖਚੈਨ ਪ੍ਰਦਾਨ ਕਰਦੀ ਹੈ, ਜੋ ਕਿਸੇ ਨੂੰ ਉਸ ਦੁਆਰਾ ਕੀਤੇ ਜਾ ਰਹੇ ਕਰਮਾਂ ਜਾਂ ਗੂੜ੍ਹ ਉਦੇਸ਼ 'ਤੇ ਸਵਾਲ ਕੀਤੇ ਬਿਨਾਂ, ਅਚੇਤ ਤੌਰ 'ਤੇ ਜੀਉਣ ਦੇ ਜਾਲ ਵਿਚ ਫਸਾਉਂਦੀ ਹੈ। ਇਸ ਅਵਸਥਾ ਵਿਚ, ਬਿਬੇਕ ਦਾ ਅੰਤਰੀਵੀ ਗੁਣ, ਜੋ ਸਹੀ-ਗਲਤ ਨੂੰ ਸਪੱਸ਼ਟ ਕਰਦਾ ਹੈ, ਧੁੰਦਲਾ ਹੋ ਜਾਂਦਾ ਹੈ, ਜਿਸ ਨਾਲ ਸੱਚਾਈ ਨੂੰ ਸਪਸ਼ਟ ਤੌਰ 'ਤੇ ਸਮਝਣ ਦੀ ਯੋਗਤਾ ਘੱਟ ਜਾਂਦੀ ਹੈ। ਭਾਵੇਂ, ਬਿਬੇਕ ਦੀ ਰੋਸ਼ਨੀ ਜਦੋਂ ਅਗਿਆਨਤਾ ਦੇ ਹਨ੍ਹੇਰੇ ਵਿਚੋਂ ਗੁਜ਼ਰਦੀ ਹੈ, ਤਾਂ ਜਾਗਰੂਕਤਾ ਉਭਰਦੀ ਹੈ, ਜਿਸ ਨਾਲ "ਪਰਮ-ਅਨੰਦ" ਦੀ ਅਵਸਥਾ ਪ੍ਰਾਪਤ ਹੁੰਦੀ ਹੈ, ਜੋ ਸਥਾਈ ਪੂਰਤੀ ਦੁਆਰਾ ਦਰਸਾਈ ਜਾਂਦੀ ਹੈ ਜੋ ਬਾਹਰੀ ਸੁੱਖਾਂ ਜਾਂ ਪ੍ਰਮਾਣਿਕਤਾ ਤੋਂ ਸੁਤੰਤਰ ਹੁੰਦੀ ਹੈ। ਇਹ ਉਸ ਸ਼ਾਂਤ ਅਨੰਦ ਨੂੰ ਪ੍ਰਗਟ ਕਰਦੀ ਹੈ ਜੋ ਉਸ ਸਮੇਂ ਉਭਰਦਾ ਹੈ ਜਦੋਂ ਹਉਮੈ ਦੀ ਪਕੜ ਢਿੱਲੀ ਹੋ ਜਾਂਦੀ ਹੈ, ਜਿਸ ਨਾਲ ਸਾਡੀ ਜਾਗਰੂਕਤਾ ਸਰਬ-ਵਿਆਪੀ ਸਦਭਾਵਨਾ ਨਾਲ ਜੁੜ ਸਕਦੀ ਹੈ।

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥

ਹਿਰਨ, ਮੱਛੀ, ਭੌਰਾ, ਪਤੰਗਾ, ਅਤੇ ਹਾਥੀ, ਇਕ-ਇਕ ਵਿਕਾਰ ਕਾਰਣ ਤਬਾਹ ਹੋ ਜਾਂਦੇ ਹਨ। ਇਹ ਉਸ ਕਮਜ਼ੋਰੀ ਨੂੰ ਦਰਸਾਉਂਦਾ ਹੈ, ਜੋ ਜੀਵਾਂ ਦੇ ਵਿਨਾਸ਼ ਦਾ ਕਾਰਣ ਬਣਦੀ ਹੈ, ਜਿਵੇਂ ਹਿਰਨ ਲਈ ਆਵਾਜ਼, ਮੱਛੀ ਲਈ ਸੁਆਦ, ਮਧੂ-ਮੱਖੀ ਲਈ ਗੰਧ, ਕੀੜੇ ਲਈ ਦ੍ਰਿਸ਼ਟੀ, ਹਾਥੀ ਲਈ ਸਪਰਸ਼, ਇਹ ਸਪੱਸ਼ਟ ਕਰਦਾ ਹੈ ਕਿ ਨਿਰੀਖਣ ਰਹਿਤ, ਬੇਕਾਬੂ ਸੰਵੇਦੀ ਇੱਛਾਵਾਂ ਸਵੈ-ਵਿਨਾਸ਼ ਵੱਲ ਲੈ ਜਾ ਸਕਦੀਆਂ ਹਨ।

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥

ਜਿਸ ਅੰਦਰ ਇਹ ਪੰਜੇ ਲਾਇਲਾਜ ਇੰਦ੍ਰਿਆਵੀ ਦੋਖ ਵੱਸਦੇ ਹਨ, ਉਨ੍ਹਾਂ ਲਈ ਕਿਹੜੀ ਆਸ ਦੀ ਭਾਵਨਾ ਹੈ? ਇਹ ਸਵਾਲ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਜੇ ਕੋਈ ਆਪਣੀਆਂ ਕਮਜ਼ੋਰੀਆਂ ਨੂੰ ਜਿੱਤ ਨਹੀਂ ਸਕਦਾ, ਤਾਂ ਉਹ ਆਪਣੇ ਸੀਮਤ ਵਿਚਾਰਾਂ ਤੋਂ ਕਿਵੇਂ ਮੁਕਤ ਹੋ ਸਕਦਾ ਹੈ? (੧)

ਮਾਧੋ ਅਬਿਦਿਆ ਹਿਤ ਕੀਨ ॥

ਹੇ ਪਿਆਰੀ ਸਰਬਵਿਆਪੀ ਸਤਾ, ਮਨ ਨੇ ਅਗਿਆਨਤਾ ਅਤੇ ਭਰਮ ਨਾਲ ਗੂੜ੍ਹਾ ਲਗਾਵ ਬਣਾ ਲਿਆ ਹੈ। ਇਹ ਮਨੋਵਿਗਿਆਨਕ ਅਸੰਤੁਲਨ ਨੂੰ ਦਰਸਾਉਂਦਾ ਹੈ, ਕਿਉਂਕਿ ਆਪਾ ਅਕਸਰ ਰੁਪਾਂਤ੍ਰਣ ਦੀਆਂ ਜਾਗਰੂਕ ਚੁਣੌਤੀਆਂ ਨੂੰ ਧਾਰਨ ਕਰਨ ਦੀ ਬਜਾਏ, ਗਿਆਤ ਵਸਤਾਂ ਦੇ ਸੁਖ ਰੂਪੀ-ਪਰਛਾਵਿਆਂ ਨਾਲ ਜੁੜਿਆ ਰਹਿੰਦਾ ਹੈ।

ਬਿਬੇਕ ਦੀਪ ਮਲੀਨ ॥੧॥ ਰਹਾਉ ॥

ਜਦੋਂ ਬਿਬੇਕ ਦੀ ਰੌਸ਼ਨੀ ਧੁੰਦਲੀ ਪੈਣੀ ਸ਼ੁਰੂ ਹੋ ਜਾਂਦੀ ਹੈ, ਤਾਂ ਇਹ ਅੰਤਰੀਵੀ ਸਪਸ਼ਟਤਾ ਦੇ ਨੁਕਸਾਨ ਦਾ ਸੰਕੇਤ ਦਿੰਦੀ ਹੈ, ਜਿਸ ਵਿਚ ਅਗਿਆਨਤਾ ਸੂਝ ਦੀ ਯੋਗਤਾ ਨੂੰ ਘੇਰ ਲੈਂਦੀ ਹੈ। (੧)(ਠਹਿਰਾਉ)

ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥

ਕਿਸੇ ਦੀ ਹੋਂਦ ਜੰਗਲੀ ਪ੍ਰਵਿਰਤੀ ਵਾਲੇ ਜੀਵਾਂ ਵਾਂਗ ਹੋ ਜਾਂਦੀ ਹੈ, ਜੋ ਸਕਾਰਾਤਮਕ ਅਨੁਕੂਲਤਾ ਅਤੇ ਨਕਾਰਾਤਮਕ ਪ੍ਰਵਿਰਤੀਆਂ ਵਿਚਕਾਰਲੇ ਅੰਤਰ ਤੋਂ ਅਣਜਾਣ ਹੁੰਦੇ ਹਨ। ਇਹ ਭਾਵ ਸੋਚਵਿਚਾਰ ਦੀ ਬਜਾਏ  ਤੀਬਰ ਗਤੀ ਅਧਾਰਿਤ ਜੀਵਨ-ਸ਼ੈਲੀ ਨੂੰ ਦਰਸਾਉਂਦਾ ਹੈ।

ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥੨॥

ਮਨੁੱਖੀ ਹੋਂਦ ਇਕ ਦੁਰਲੱਭ ਅਵਸਰ ਹੈ, ਫਿਰ ਵੀ ਜਦੋਂ ਇਹ ਬੁਰੇ ਇਰਾਦੇ ਨਾਲ ਜੁੜਦਾ ਹੈ ਤਾਂ ਇਹ ਬਰਬਾਦ ਹੋ ਜਾਂਦਾ ਹੈ। ਇਹ ਜੀਵਨ ਦੀ ਵਿਅਰਥ ਸੰਭਾਵਨਾ ਦਾ ਪ੍ਰਤੀਕ ਹੈ, ਜਦੋਂ ਇਹ ਨਕਾਰਾਤਮਕ ਸੰਗਤ ਅਤੇ ਚਿੰਤਨ ਦੀ ਘਾਟ ਦੁਆਰਾ ਆਪਣੇ ਆਪ ਨੂੰ ਘਟਾਉਂਦਾ ਹੈ। (੨)

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥

ਜਦੋਂ ਜੀਵ ਆਪਣੇ ਕਰਮਾਂ ਨਾਲ ਜੁੜੇ ਹੁੰਦੇ ਹਨ, ਤਾਂ ਉਹ ਉਨ੍ਹਾਂ ਵਿਚ ਫਸ ਜਾਂਦੇ ਹਨ; ਇਹ ਸਾਡੀਆਂ ਚੋਣਾਂ ਦੀ ਸਮਰੱਥਾ ਅਤੇ ਉਨ੍ਹਾਂ ਦੇ ਪ੍ਰਭਾਵ ਪ੍ਰਤੀ ਅਣਜਾਣਤਾ ਨੂੰ ਦਰਸਾਉਂਦਾ ਹੈ, ਜੋ ਬਦਲੇ ਵਿਚ ਉਨ੍ਹਾਂ ਨੂੰ ਨਿਯੰਤਰਿਤ ਕਰਦੀਆਂ ਹਨ। ਇਹ ਕਾਰਨ ਅਤੇ ਪ੍ਰਭਾਵ ਦੇ ਵਿਧਾਨ ਵੱਲ ਇਸ਼ਾਰਾ ਕਰਦਾ ਹੈ, ਜਿੱਥੇ ਪਿਛਲੀਆਂ ਆਦਤਾਂ ਦੀ ਗਤੀ ਮਨ ਦੇ ਮੌਜੂਦਾ ਚਾਲ ਨੂੰ ਨਿਰਧਾਰਤ ਕਰਦੀ ਹੈ।

ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥

ਕਾਲ ਦੀ ਅਟੁੱਟ ਜਕੜ ਸ਼ਕਤੀਸ਼ਾਲੀ ਅਤੇ ਅਟੱਲ ਹੈ; ਕੋਈ ਵੀ ਦਾਅ-ਪੇਚ ਜਾਂ ਹੁਨਰ ਇਸਦੀ ਜਕੜ ਨੂੰ ਢਿੱਲਾ ਨਹੀਂ ਕਰ ਸਕਦਾ। ਇਹ ਭਾਵ ਦਰਸਾਉਂਦਾ ਹੈ ਕਿ ਸਮਾਂ ਰੁਕਦਾ ਜਾਂ ਪਿੱਛੇ ਨਹੀਂ ਮੁੜਦਾ, ਇਸ ਲਈ ਗੁਆਚੇ ਮੌਕੇ ਵਾਪਸ ਨਹੀਂ ਮਿਲਦੇ। (੩)

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥

ਰਵਿਦਾਸ ਕਹਿੰਦੇ ਹਨ ਕਿ ਉਹ ਇਕ ਨਿਮਾਣੇ ਭਗਤ ਹਨ ਜਿਨ੍ਹਾਂ ਨੇ ਸ਼ੰਦੇਹ, ਬੇਕਾਬੂ ਇੱਛਾਵਾਂ ਅਤੇ ਤੱਪ-ਸਾਧਨਾ ਨੂੰ ਤਿਆਗ ਦਿੱਤਾ ਹੈ, ਅਤੇ ਇਹ ਰੁਪਾਂਤ੍ਰਣ ਉਸ ਬਿਬੇਕ ਰਾਹੀਂ ਪ੍ਰਾਪਤ ਹੋਇਆ ਹੈ ,ਜਿਸਨੇ ਉਨ੍ਹਾਂ ਦੀ ਅਗਵਾਈ ਅਗਿਆਨਤਾ ਤੋਂ ਜਾਗਰੂਕਤਾ ਵੱਲ ਕੀਤੀ ਹੈ। ਇਹ ਮਰਿਯਾਦਾ ਨੂੰ ਸਰੀਰਕ ਤਸੀਹਿਆਂ ਦੇ ਰੂਪ ਵਿਚ ਨਹੀਂ, ਸਗੋਂ ਇਕ ਜਾਗਰੂਕ ਮਨ ਦੀ ਅਵਸਥਾ ਵਜੋਂ ਮੁੜ ਪਰਿਭਾਸ਼ਿਤ ਕਰਦਾ ਹੈ ਜੋ ਭਰਮ ਨੂੰ ਤਿਆਗਣ ਵੱਲ ਲੈ ਜਾਂਦੀ ਹੈ।

ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥

ਹੇ ਸਮਰਪਿਤ ਜਗਿਆਸੂ, ਡਰ ਨੂੰ ਦੂਰ ਕਰਕੇ, ਅਨੰਦ ਦੀ ਸਿਰਮੌਰ ਅਵਸਥਾ ਨੂੰ ਅੰਤਮ ਟੀਚੇ ਵਜੋਂ ਅਨੁਭਵ ਕਰੋ। ਇਹ ਗੂੜ੍ਹ ਅਹਿਸਾਸ ਦਰਸਾਉਂਦਾ ਹੈ ਕਿ ਜਦੋਂ ਗਿਆਨ ਅਗਿਆਨਤਾ ਦੀਆਂ ਰੁਕਾਵਟਾਂ ਨੂੰ

ਦੂਰ ਕਰਨ ਵਿਚ ਮਦਦ ਕਰਦਾ ਹੈ, ਤਾਂ ਅੰਤਹਕਰਣ ਆਪਣੀ ਕੁਦਰਤੀ ਅਨੰਦਮਈ ਅਵਸਥਾ ਨੂੰ ਗ੍ਰਹਿਣ ਕਰ ਸਕਦਾ ਹੈ। (੪)(੧)

ਤੱਤ: ਭਗਤ ਰਵਿਦਾਸ ਪੰਜ ਜਾਨਵਰਾਂ ਦੀ ਤੁਲਨਾ ਰਾਹੀਂ ਸਪਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਕਿਵੇਂ ਇੰਦ੍ਰਆਵੀ ਲਗਾਵ ਸਾਡੇ ਅੰਤਹਕਰਣ ਲਈ ਜਾਲ ਬਣ ਜਾਂਦਾ ਹੈ, ਹਰ ਜਾਨਵਰ ਇਕ ਇੰਦ੍ਰਆਵੀ ਕਮਜ਼ੋਰੀ ਦਾ ਪ੍ਰਤੀਕ ਹੈ। ਹਿਰਨ ਸ਼ਿਕਾਰੀ ਦਾ ਸੰਗੀਤ ਸੁਣ ਉਸ ਪ੍ਰਤੀ ਖਿੱਚ ਦਾ ਸ਼ਿਕਾਰ ਹੋ ਜਾਂਦਾ ਹੈ। ਸੁਆਦ ਚੱਖਣ ਦੀ ਇੱਛਾ ਇਕ ਮੱਛੀ ਦੀ ਮੌਤ ਦਾ ਕਾਰਣ ਬਣਦੀ ਹੈ। ਭੌਰਾ ਫੁੱਲ ਦੀ ਖੁਸ਼ਬੂ ਮਾਣਦਾ, ਫੁੱਲ ਵਿਚ ਫਸ ਫੌਤ ਹੋ ਜਾਂਦਾ ਹੈ। ਸੂਰਜ ਦੇ ਪ੍ਰਕਾਸ਼ ਦੇ ਭੁਲੇਖੇ ਕਾਰਣ, ਰੌਸ਼ਨੀ ਵੱਲ ਖਿੱਚਿਆ ਪਤੰਗਾ ਅੱਗ ਵਿਚ ਸੜ ਜਾਂਦਾ ਹੈ। ਹਥਨੀ ਪ੍ਰਤੀ ਹਾਥੀ ਦੀ ਕਾਮੁਕ ਰੁਚੀ ਉਸਨੂੰ ਜੰਜੀਰਾਂ ਵਿਚ ਜਕੜਣ ਦਾ ਕਾਰਣ ਬਣ ਜਾਂਦੀ ਹੈ। ਇਹ ਉਦਾਹਰਣਾਂ ਇਸ ਤੱਥ ਨੂੰ ਉਜਾਗਰ ਕਰਦੀਆਂ ਹਨ ਕਿ, ਇਨ੍ਹਾਂ ਜਾਨਵਰਾਂ ਵਾਂਗ, ਅਣਚਾਹੀਆਂ ਇੰਦਰਿਆਵੀ ਪ੍ਰਵਿਰਤੀਆਂ ਸਾਡੇ ਪਤਨ ਦਾ ਕਾਰਨ ਬਣ ਸਕਦੀਆਂ ਹਨ। ਮਸਲਾ ਇੰਦਰੀਆਂ ਦਾ ਨਹੀਂ ਬਲਕਿ ਸਾਡੀ ਅਗਿਆਨਤਾ ਅਤੇ ਹਉਮੈ ਦਾ ਹੈ, ਜੋ ਅਰਾਮਦਾਇਕ ਭਰਪੂਰ, ਅਚੇਤ ਜੀਵਨ ਦੀ ਚੋਣ ਕਰ, ਸਾਡੀ ਨਿਰਣਾਮਈ ਸਮਰੱਥਾ ਨੂੰ ਧੁੰਦਲਾ ਕਰਦੀਆਂ ਹਨ ਅਤੇ ਹਨ੍ਹੇਰੇ ਨੂੰ ਪ੍ਰਕਾਸ਼ ਸਮਝਣ ਦਾ ਭੁਲੇਖਾ ਪਾਉਂਦੀਆਂ ਹਨ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**